## ਲੈਟਰ ਗਰੇਡਜ਼ ਬਾਰੇ ਹੋਰ ਜਾਣਕਾਰੀ

### ਹਾਲਾਤ ਅਨੁਸਾਰ ਢਾਲੀਆਂ ਉਮੀਦਾਂ (ਅਡਾਪਟਿਡ ਐਕਸਪੈਕਟੇਸ਼ਨਜ਼)

ਈ ਐੱਸ ਐੱਲ ਦੇ ਕੁਝ ਵਿਦਿਆਰਥੀਆਂ ਨੂੰ "ਹਾਲਾਤ ਅਨੁਸਾਰ ਢਾਲੀਆਂ" ਉਮੀਦਾਂ ਨਾਲ ਲੈਟਰ ਗਰੇਡ ਮਿਲਦੇ ਹਨ। ਇਸ ਦਾ ਮਤਲਬ ਹੈ ਕਿ ਵਿਦਿਆਰਥੀ ਗਰੇਡ ਪੱਧਰ ਦੀ ਸਮੱਗਰੀ `ਤੇ ਕੰਮ ਕਰ ਰਹੇ ਹਨ, ਪਰ ਉਨ੍ਹਾਂ ਨੂੰ ਦਿੱਤੇ ਕੰਮ ਅਤੇ ਟੈੱਸਟਾਂ ਦੇ ਸਬੰਧ ਵਿਚ ਖਾਸ ਮਦਦ ਦਿੱਤੀ ਜਾ ਰਹੀ ਹੈ। ਉਦਾਹਰਣ ਲਈ, ਉਨ੍ਹਾਂ ਨੂੰ ਕੰਮ ਕਰਨ ਲਈ ਵਾਧੂ ਸਮਾਂ ਦਿੱਤਾ ਜਾ ਰਿਹਾ ਹੈ ਜਾਂ ਸ਼ਬਦ-ਜੋੜਾਂ ਜਾਂ ਵਿਆਕਰਣ ਦੀਆਂ ਗਲਤੀਆਂ ਲਈ ਉਨ੍ਹਾਂ ਦੇ ਨੰਬਰ ਨਹੀਂ ਕੱਟੇ ਜਾ ਰਹੇ।

### ਨਾਮੁਕੰਮਲ (ਆਈ) ਅਤੇ ਫੇਲ੍ਹ ਕਰਨ ਵਾਲੇ ਗਰੇਡ (ਐੱਫ)

ਜਿਹੜੇ ਵਿਦਿਆਰਥੀ ਪਹਿਲੇ ਅਤੇ/ਜਾਂ ਦੂਜੇ ਰਿਪੋਰਟ ਕਾਰਡ `ਤੇ ਕੋਰਸ ਪਾਸ ਨਹੀਂ ਕਰਦੇ, ਉਨ੍ਹਾਂ ਨੂੰ **ਆਈ** ਮਿਲੇਗੀ। ਪਾਸ ਹੋਣ ਵਿਚ ਮਦਦ ਲਈ ਇਨ੍ਹਾਂ ਵਿਦਿਆਰਥੀਆਂ ਨੂੰ ਇਕ ਵਿਉਂਤ ਬਣਾਉਣ ਦੀ ਲੋੜ ਪਵੇਗੀ। ਅਕਸਰ ਇਨ੍ਹਾਂ ਵਿਉਂਤਾਂ ਵਿਚ ਚੋਣਾਂ ਸ਼ਾਮਲ ਹੁੰਦੀਆਂ ਹਨ ਜਿਵੇਂ ਕਿ ਬਕਾਇਆ ਕੰਮ ਕਰਨ ਲਈ ਨਵੀਆਂ ਤਰੀਕਾਂ ਦੇਣਾ। ਜੇ ਵਿਦਿਆਰਥੀ ਦਿੱਤੇ ਗਏ ਸਮੇਂ ਦੇ ਵਿਚ ਕੰਮ ਮੁਕੰਮਲ ਨਹੀਂ ਕਰਦਾ ਤਾਂ ਉਨ੍ਹਾਂ ਨੂੰ ਆਪਣੇ ਅੰਤਿਮ ਰਿਪੋਰਟ ਕਾਰਡ ਵਿਚ **ਐੱਫ** ਮਿਲਦੀ ਹੈ।

### ਸਟੈਂਡਿੰਗ ਗਰਾਂਟਿਡ (ਐੱਸ ਜੀ)

**ਐੱਸ ਜੀ** {ਸਿਰਫ ਅੰਤਿਮ ਨੰਬਰਾਂ ਲਈ} ਉਦੋਂ ਦਿੱਤੀ ਜਾਂਦੀ ਹੈ ਜਦੋਂ ਸ਼ਰਤਾਂ ਪੂਰੀ ਤਰ੍ਹਾਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ, ਪਰ ਵਿਦਿਆਰਥੀ ਨੂੰ ਕੋਰਸ ਜਾਂ ਪ੍ਰੋਗਰਾਮ ਲਈ ਕਰੈਡਿਟ ਦਿੱਤਾ ਜਾਂਦਾ ਹੈ। ਉਦਾਹਰਣ ਲਈ, ਜੇ ਕੋਈ ਵਿਦਿਆਰਥੀ ਗੰਭੀਰ ਰੂਪ ਵਿਚ ਬੀਮਾਰ ਹੋਵੇ ਅਤੇ ਕੋਰਸ ਦਾ ਕੰਮ ਜਾਂ ਟੈੱਸਟ ਮੁਕੰਮਲ ਨਾ ਕਰ ਸਕਦਾ ਹੋਵੇ ਤਾਂ ਉਸ ਨੂੰ **ਐੱਸ ਜੀ** ਮਿਲ ਸਕਦੀ ਹੈ।

### ਈ ਐੱਸ ਐੱਲ ਦੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਲੈਟਰ ਗਰੇਡ ਨਹੀਂ ਮਿਲਦੇ। ਅਜਿਹਾ ਇਸ ਕਰਕੇ ਹੁੰਦਾ ਹੈ ਕਿਉਂਕਿ:

- ਉਹ ਗਰੇਡ 3 ਜਾਂ ਹੇਠਾਂ ਦੇ ਗਰੇਡ ਵਿਚ ਹਨ;
- ਉਹ ਅੰਗਰੇਜ਼ੀ ਵਿਚ ਬਹੁਤ ਕਮਜ਼ੋਰ ਹਨ;
- ਉਹ ਆਪਣੇ ਗਰੇਡ ਦੇ ਪੱਧਰ `ਤੇ ਅੰਗਰੇਜ਼ੀ ਵਿਚ ਆਪਣੀ ਸਮਝ ਦਾ ਪ੍ਰਦਰਸ਼ਨ ਨਹੀਂ ਕਰ ਸਕਦੇ।

VSB

**"Letter Grades"**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada · British Columbia · WelcomeBC

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਲੈਟਰ ਗਰੇਡਜ਼



## *ਲੈਟਰ ਗਰੇਡਜ਼ ਦਾ ਫੈਸਲਾ ਕਿਵੇਂ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦਾ ਕੀ ਮਤਲਬ ਹੁੰਦਾ ਹੈ?*

## ਲੈਟਰ ਗਰੇਡਜ਼ ਬਾਰੇ



### ਲੈਟਰ ਗਰੇਡਜ਼ (ਅੱਖਰਾਂ ਨਾਲ ਦਰਜੇ) ਦਾ ਫੈਸਲਾ ਕਿਵੇਂ ਕੀਤਾ ਜਾਂਦਾ ਹੈ

ਕਲਾਸਰੂਮ ਦੇ ਟੀਚਰ, ਦਿੱਤੇ ਗਏ ਕੰਮ ਦੀ ਕੁਆਲਟੀ ਦਾ ਪਤਾ ਲਾਉਣ ਲਈ ਕਈ ਤਰੀਕਿਆਂ ਦੀ ਵਰਤੋਂ ਕਰਦੇ ਹਨ।

ਅਕਸਰ ਟੀਚਰ ਇਹ ਫੈਸਲਾ ਕਰਦਾ ਹੈ ਕਿ ਉਸ ਟਰਮ (ਅਰਸੇ) ਲਈ ਪੜ੍ਹਾਈ ਦੇ ਟੀਚੇ ਕੀ ਹੋਣਗੇ। ਫਿਰ, ਟੀਚਰ ਪੜ੍ਹਾਈ ਦੀ ਕੁਆਲਟੀ ਦਾ ਪਤਾ ਲਾਉਣ ਲਈ ਕਈ ਤਰੀਕੇ ਵਿਕਸਤ ਕਰਦਾ ਹੈ।

***ਟੀਚਰ, ਵਿਦਿਆਰਥੀਆਂ ਦੀ ਪੜ੍ਹਾਈ ਦੀ ਕੁਆਲਟੀ ਦਾ ਵੱਖ ਵੱਖ ਤਰੀਕਿਆਂ ਨਾਲ ਪਤਾ ਲਾਉਂਦੇ ਹਨ***

- *ਨਿਗਰਾਨੀ*
- *ਕਲਾਸਰੂਮ ਵਿਚ ਸ਼ਮੂਲੀਅਤ*
- *ਰੋਜ਼ਾਨਾ ਦਿੱਤੇ ਜਾਣ ਵਾਲੇ ਕੰਮ*
- *ਬੁਝਾਰਤਾਂ ਅਤੇ ਟੈੱਸਟ*
- *ਵਿਦਿਆਰਥੀ ਦੇ ਕੰਮ ਦੇ ਨਮੂਨੇ*
- *ਪ੍ਰੌਜੈਕਟ*
- *ਜ਼ਬਾਨੀ ਅਤੇ ਲਿਖਤੀ ਰਿਪੋਰਟਾਂ*
- *ਪੈਰ੍ਹੇ ਅਤੇ ਲੇਖ*
- *ਹੋਮਵਰਕ (ਘਰ ਨੂੰ ਦਿੱਤਾ ਕੰਮ)*
- *ਗਰੁੱਪ ਵਿਚ ਕੰਮ ਕਰਨਾ*



**ਕਿੰਡਰਗਾਰਟਨ, ਗਰੇਡ 1 ਤੋਂ 3**

ਕੋਈ ਲੈਟਰ ਗਰੇਡ (ਅੱਖਰਾਂ ਨਾਲ ਦਰਜੇ) ਨਹੀਂ ਦਿੱਤੇ ਜਾਂਦੇ

**ਗਰੇਡ 4 ਤੋਂ 12**

ਲੈਟਰ ਗਰੇਡ (ਅੱਖਰਾਂ ਨਾਲ ਦਰਜੇ) ਦਿੱਤੇ ਜਾਂਦੇ ਹਨ।

### ਲੈਟਰ ਗਰੇਡ ਅਤੇ ਉਨ੍ਹਾਂ ਦੇ ਸਮਾਨ ਅਰਥ

ਏ (86-100%) ਸ਼ਾਨਦਾਰ

ਬੀ (73-85%) ਬਹੁਤ ਵਧੀਆ

ਸੀ+ (67-72%) ਵਧੀਆ ਔਸਤ

ਸੀ (60-66%) ਔਸਤ

ਸੀ - (50-59%) ਬਹੁਤ ਛੋਟੀ ਪ੍ਰਾਪਤੀ

ਆਈ (0-49%) ਨਾਮੁਕੰਮਲ (ਪਹਿਲੀ ਅਤੇ/ਜਾਂ ਦੂਜੀ ਟਰਮ)

ਐੱਫ (0-49%) ਫੇਲ੍ਹ (ਫਾਇਨਲ ਗਰੇਡ)

***, ਤਾਰਾ ਚਿੰਨ੍ਹ, ਜਾਂ ਐੱਨ/ਏ {ਲਾਗੂ ਨਹੀਂ ਹੁੰਦਾ}**
ਵਿਦਿਆਰਥੀ ਅਜੇ ਗਰੇਡ ਦੇ ਪੱਧਰ `ਤੇ ਕੰਮ ਨਹੀਂ ਕਰ ਰਿਹਾ। ਸ਼ੁਰੂ ਦੇ ਪੱਧਰ `ਤੇ ਈ ਐੱਸ ਐੱਲ ਦੇ ਵਿਦਿਆਰਥੀ ਲਈ ਇਹ ਬਹੁਤ ਆਮ ਹੈ।

*ਬੀ ਸੀ ਦੇ ਵਿਦਿਆ ਮਹਿਕਮੇ ਵਲੋਂ*

